# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.),
ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ),
ਪੰਜਾਬ।

ਮੀਮੋ ਨੰ: ਸਸਅ/ਐਮਸੀ/2012/ 87057-59
ਮਿਤੀ, ਚੰਡੀਗੜ੍ਹ 12 ਅਕਤੂਬਰ,2012

**ਵਿਸ਼ਾ:-** ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕ-ਮਾਪੇ ਮਿਲਣੀ ਅਤੇ ਸਕੂਲ ਪ੍ਰਬੰਧਕ ਕਮੇਟੀਆਂ ਦੀ ਮੀਟਿੰਗ ਮਿਤੀ 17.10.2012 ਨੂੰ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੀ ਖੇਚਲ ਕੀਤੀ ਜਾਵੇ।

2.0 ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮਿਤੀ 25 ਸਤੰਬਰ,2012 ਤੋਂ 6 ਅਕਤੂਬਰ,2012 ਤੱਕ ਬੱਚਿਆਂ ਦੀ ਪੜ੍ਹਾਈ ਦਾ ਲਿਖਤੀ ਮੁਲਾਂਕਣ ਕੀਤਾ ਗਿਆ ਹੈ। ਇਸ ਮੁਲਾਂਕਣ ਵਿੱਚ ਬੱਚਿਆਂ ਦੀ ਕਾਰਗੁਜ਼ਾਰੀ ਬਾਰੇ ਉਨ੍ਹਾਂ ਦੇ ਮਾਪਿਆਂ ਨੂੰ ਜਾਣੂ ਕਰਵਾਉਣ ਹਿੱਤ ਮਿਤੀ 17 ਅਕਤੂਬਰ,2012 ਨੂੰ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਅਧਿਆਪਕ-ਮਾਪੇ ਮਿਲਣੀ ਰੱਖੀ ਗਈ ਹੈ। ਇਸ ਮਿਲਣੀ ਦੌਰਾਨ ਸਕੂਲ ਪ੍ਰਬੰਧਕ ਕਮੇਟੀਆਂ ਦੇ ਸਮੂਹ ਮੈਂਬਰ ਵੀ ਸਕੂਲਾਂ ਵਿੱਚ ਹਾਜ਼ਰ ਹੋਣਗੇ। ਬੱਚਿਆਂ ਦੀ ਮੁਲਾਂਕਣ ਸਮੇਂ ਕਾਰਗੁਜ਼ਾਰੀ ਬਾਰੇ ਅਧਿਆਪਕ ਅਤੇ ਮਾਪੇ ਆਪਸ ਵਿੱਚ ਵਿਚਾਰ-ਵਟਾਂਦਰਾ ਕਰਨਗੇ। ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਅਤੇ ਸਕੂਲ ਮੁੱਖੀ, ਆਪਣੇ-ਆਪਣੇ ਸਕੂਲਾਂ ਦੀ ਕਾਰਗੁਜ਼ਾਰੀ ਹੋਰ ਬਿਹਤਰ ਬਨਾਉਣ ਲਈ ਵਿਚਾਰ ਵਟਾਂਦਰਾਂ ਕਰਨਗੇ।

3.0 ਇਹ ਮਿਲਣੀ ਦੇ ਸਮੇਂ ਸਡਿਊਲ ਵਿੱਚ ਅੰਸ਼ਿਕ ਤਬਦੀਲੀ ਕਰਦੇ ਹੋਏ, ਇਹ ਮਿਲਣੀ ਮਿਤੀ 17 ਅਕਤੂਬਰ,2012 ਨੂੰ ਹੀ ਦਿਨੇ 9:00 ਵਜੇ ਤੋਂ 12:00 ਵਜੇ ਤੱਕ ਹੋਵੇਗੀ। ਸਕੂਲਾਂ ਵਿੱਚ ਬੱਚਿਆਂ ਦੀ ਉਸ ਦਿਨ ਸਵੇਰ ਦੀ ਸਭਾ ਨਹੀਂ ਹੋਵੇਗੀ ਅਤੇ ਨਾਰਮਲ ਪੜ੍ਹਾਈ ਇਸ ਮਿਲਣੀ ਉਪਰੰਤ ਸ਼ੁਰੂ ਹੋਵੇਗੀ।ਇਸ ਮੀਟਿੰਗ ਨੂੰ ਸੁਚਾਰੂ ਢੰਗ ਨਾਲ ਸਿਰੇ ਚਾੜ੍ਹਨ ਲਈ ਅਧਿਆਪਕ -ਮਾਪੇ ਮਿਲਣੀ ਲਈ ਆ ਰਹੇ ਹਰ ਮਾਪੇ ਨੂੰ ਅਧਿਆਪਕ ਦੁਆਰਾ ਵਿਦਿਆਰਥੀ ਦੀ ਕਾਰਗੁਜ਼ਾਰੀ ਦੱਸਣ ਦਾ ਉਚਿਤ ਸਮਾਂ ਮਿਲ ਸਕੇ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਕੂਲ ਮੁੱਖੀ ਆਪਣੇ ਸਕੂਲ ਵਿੱਚ ਪੜ੍ਹਦੇ ਜਮਾਤ ਵਾਈਜ਼ ਵਿਦਿਆਰਥੀਆਂ ਦੀ ਗਿਣਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਬੱਚਿਆਂ ਨੂੰ ਆਪਣੇ ਮਾਪਿਆਂ ਸਮੇਤ ਸਕੂਲ ਵਿੱਚ ਆਉਣ ਲਈ ਉਸ ਦਿਨ ਵੱਖ-ਵੱਖ ਸਮਾਂ ਨਿਰਧਾਰਿਤ ਕਰਨ। ਮਿਸਾਲ ਦੇ ਤੌਰ ਤੇ ਹੇਠ ਲਿਖੇ ਅਨੁਸਾਰ ਸਮਾਂ ਰੱਖਿਆ ਜਾ ਸਕਦਾ ਹੈ:-

| ਸਮਾਂ | ਹਰੇਕ ਜਮਾਤ ਦੇ ਕੁੱਲ ਵਿਦਿਆਰਥੀ ਦੀ ਗਿਣਤੀ 30 ਮੰਨਦੇ ਹੋਏ | | | | | | | | |
|---|---|---|---|---|---|---|---|---|---|
| | ਚੌਥੀ | ਪੰਜਵੀਂ | ਛੇਵੀਂ | ਸਤੱਵੀਂ | ਅਠੱਵੀਂ | ਨੌਵੀਂ | ਦਸਵੀਂ | ਗਿਆਰਵੀਂ | ਬਾਰ੍ਹਵੀਂ |
| ਸਵੇਰੇ 9:00-10:00 ਵਜੇ ਤੱਕ | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 |
| ਸਵੇਰੇ10:00-11:00 ਵਜੇ ਤੱਕ | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 |

ਜਮਾਤ ਇੰਚਾਰਜ ਇਸ ਬਾਰੇ ਵਿਦਿਆਰਥੀਆਂ ਨੂੰ ਸੂਚਿਤ ਕਰੇ ਕਿ ਵਿਦਿਆਰਥੀ ਆਪਣੇ ਮਾਪਿਆਂ ਨੂੰ ਦੱਸੇ ਗਏ ਸਮੇਂ ਮੁਤਾਬਿਕ ਸਕੂਲ ਵਿੱਚ ਲੈ ਕੇ ਪਹੁੰਚਣ।

4.0 ਇਸ ਮਿਲਣੀ ਬਾਰੇ ਪੂਰਨ ਰੂਪ ਵਿੱਚ ਮਾਪਿਆਂ ਤੱਕ ਸੂਚਨਾਂ ਪਹੁੰਚਾਉਣ ਲਈ ਸਕੂਲ ਮੁੱਖੀ ਪਿੰਡ ਦੇ ਗੁਰੂਦੁਆਰੇ ਤੋਂ ਲਾਊਡ ਸਪੀਕਰ ਰਾਹੀਂ ਵੀ ਸੂਚਿਤ ਕਰ ਸਕਦਾ ਹੈ।

5.0 ਇੱਥੇ ਉਚੇਚੇ ਤੌਰ ਤੇ ਧਿਆਨ ਦਿਵਾਇਆ ਜਾ ਰਿਹਾ ਹੈ ਕਿ ਇਸ ਅਧਿਆਪਕ-ਮਾਪੇ ਮਿਲਣੀ ਦੌਰਾਨ ਸਕੂਲ ਮੈਨੇਜਮੈਂਟ ਕਮੇਟੀਆਂ ਨੂੰ ਸਕੂਲਾਂ ਦੇ ਪੜ੍ਹਾਈ ਦੇ ਸੁਧਾਰ ਪ੍ਰਤੀ ਵਿਚਾਰ-ਵਟਾਂਦਰਾ ਕਰਨ ਲਈ ਬੁਲਾਇਆ ਗਿਆ ਹੈ। ਇਸ ਲਈ, ਹੈੱਡ ਆਫਿਸ ਦੇ SMC ਕੰਪੋਨੈਂਟ ਵੱਲੋਂ ਭੇਜੇ ਗਏ ਇੱਕ ਰੋਜ਼ਾ ਨਾਨ-ਰੈਜ਼ੀਡੈਨਸ਼ੀਅਲ ਟ੍ਰੇਨਿੰਗ ਤਹਿਤ ਮਿਲਣ ਵਾਲੇ ਫੰਡ, 100/- ਰੁਪਏ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ 800/- ਰੁਪਏ ਤੱਕ ਸਕੂਲ ਮੁੱਖੀ SMC ਦੇ ਚਾਹ-ਪਾਣੀ ਦੇ ਪ੍ਰਬੰਧ ਦੇ ਲਈ ਖਰਚ ਕਰ ਸਕਦਾ ਹੈ।

6.0 ਇਸ ਮਾਪੇ - ਅਧਿਆਪਕ ਮਿਲਣੀ ਨੂੰ ਪੂਰਨ ਰੂਪ ਵਿੱਚ ਸਿਰੇ ਚੜ੍ਹਾਉਣ ਅਤੇ ਇਸ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੇ ਮਾਪਿਆਂ ਨੂੰ ਸ਼ਾਮਿਲ ਕਰਵਾਉਣ ਲਈ ਸਮੂਹ ਇੰਸਪੈਕਸ਼ਨ ਟੀਮਾਂ, ਸਮੂਹ ਡੀ.ਆਰ.ਪੀ.(ਵਿਸ਼ਾ ਵਿਸ਼ੇਸ਼), ਬੀ.ਆਰ.ਪੀ. (ਵਿਸ਼ਾ-ਵਿਸ਼ੇਸ਼) ਮਿਤੀ 15-10-2012 ਨੂੰ ਆਪਣੀ ਨਾਰਮਲ ਡਿਊਟੀ ਤੋਂ ਇਲਾਵਾ ਵਿਜ਼ਿਟ ਕੀਤੇ ਜਾ ਰਹੇ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਮਿਤੀ 17 ਅਕਤੂਬਰ,2012 ਨੂੰ ਆਪਣੇ ਮਾਪਿਆਂ ਨੂੰ ਸਕੂਲ ਵਿੱਚ ਲਿਆਉਣ ਲਈ ਪ੍ਰੇਰਣ ਦਾ ਕੰਮ ਵੀ ਕਰਨਗੇ। ਇਸ ਤੋਂ ਇਲਾਵਾ ਮਿਤੀ 17-10-2012 ਨੂੰ ਅਧਿਆਪਕ ਮਿਲਣੀ ਵਾਲੇ ਦਿਨ ਵਿਜ਼ਿਟ ਕੀਤੇ ਜਾ ਰਹੇ ਸਕੂਲਾਂ ਵਿੱਚ ਅਧਿਆਪਕ- ਮਾਪੇ ਮਿਲਣੀ ਨੂੰ ਸਿਰੇ ਚੜ੍ਹਾਉਣ ਲਈ ਸਕੂਲ ਮੁਖੀਆਂ ਦਾ ਸਹਿਯੋਗ ਦੇਣਗੇ ਅਤੇ ਵਿਜ਼ਿਟ ਦੌਰਾਨ ਸਕੂਲਾਂ ਵਿੱਚ ਸਿਰਫ ਤੇ ਸਿਰਫ ਬਤੌਰ ਆਬਜ਼ਰਬਰ ਵੱਜੋਂ ਕੰਮ ਕਰਣਗੇ।

7.0 ਇਸ ਤੋਂ ਇਲਾਵਾ ਮਿਤੀ 17 ਅਕਤੂਬਰ,2012 ਨੂੰ ਰਾਜ ਦੇ ਸਮੂਹ ਮੰਡਲ ਸਿੱਖਿਆ ਅਫ਼ਸਰ, ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਐ.ਸਿ.) ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਐ.ਸਿ.) ਪ੍ਰਿੰਸੀਪਲ, ਸਰਕਾਰੀ ਇੰਨਸਰਵਿਸ ਟ੍ਰੇਨਿੰਗ ਸੈਂਟਰ, ਪ੍ਰਿੰਸੀਪਲ, ਜ਼ਿਲ੍ਹਾ ਸਿਖਲਾਈ ਅਤੇ ਟ੍ਰੇਨਿੰਗ ਸੰਸਥਾਂ ਅਤੇ ਬਲਾਕ ਸਿੱਖਿਆ ਅਧਿਕਾਰੀ ਆਪਣੇ - ਆਪਣੇ ਅਧੀਨ ਪੈਂਦੇ ਸਕੂਲਾਂ ਵਿੱਚ ਜਾਣਗੇ ਅਤੇ ਯਕੀਨੀ ਬਣਾਉਣਗੇ ਕਿ ਅਧਿਆਪਕ ਮਾਪੇ ਮਿਲਣੀ ਠੀਕ-ਠਾਕ ਚੱਲ ਰਹੀ ਹੈ ।

8.0 ਇਸ ਦਿਨ ਮੁੱਖ ਦਫ਼ਤਰ ਦੋਂ ਡੀ.ਪੀ.ਆਈ. (ਸੈ.ਸਿ.), ਡੀ.ਪੀ.ਆਈ. (ਐ.ਸਿ.) ਅਤੇ ਉਹਨਾਂ ਦੇ ਦਫ਼ਤਰ ਦੇ ਸਮੂਹ ਅਧਿਕਾਰੀ ਅਤੇ ਡੀ.ਜੀ.ਐਸ.ਈ. ਦਫ਼ਤਰ ਦੇ ਸਮੂਹ ਅਧਿਕਾਰੀ ਸਕੂਲਾਂ ਦੀ ਵਿਜ਼ਿਟ ਕਰਨਗੇ ਅਤੇ ਦੇਖਣਗੇ ਕਿ ਮਾਪੇ-ਅਧਿਆਪਕ ਮਿਲਣੀ ਦਾ ਕੰਮ ਠੀਕ-ਠਾਕ ਚੱਲ ਰਿਹਾ ਹੈ।

9.0 ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਕੇ.ਐੱਸ.ਪੰਨੂੰ, ਆਈ.ਏ.ਐਸ.
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ: ਸਸਅ/ਐਮਸੀ/2012/87080-82 ਮਿਤੀ, ਚੰਡੀਗੜ੍ਹ 12 ਅਕਤੂਬਰ,2012

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ।

1. ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਨੂੰ ਇਸ ਬੇਨਤੀ ਨਾਲ ਕਿ ਜ਼ਿਲ੍ਹਾ ਪ੍ਰੀਸ਼ਦਾਂ ਅਧੀਨ ਪੈਂਦੇ ਸਕੂਲਾਂ ਵਿੱਚ ਇਸ ਮਾਪੇ-ਅਧਿਆਪਕ ਮਿਲਣੀ ਕਰਵਾਉਣ ਹਿੱਤ, ਹਦਾਇਤਾਂ ਜਾਰੀ ਕਰਨ ਅਤੇ ਇਹਨਾਂ ਮਿਲਣੀਆਂ ਦੀ ਨਿਗਰਾਨੀ ਕਰਨ ਲਈ ਸਮੂਹ ਫੀਲਡ ਅਧਿਕਾਰੀਆਂ ਨੂੰ ਹਦਾਇਤ ਕਰਨ।
2. ਸਮੂਹ ਡਿਪਟੀ ਕਮਿਸ਼ਨਰ / ਚੈਅਰਮੈਨ, ਡੀ.ਈ.ਡੀ.ਸੀ., ਪੰਜਾਬ ਰਾਜ ਨੂੰ ਇਹ ਬੇਨਤੀ ਨਾਲ ਕਿ ਆਪਣੇ ਜ਼ਿਲ੍ਹਿਆਂ ਵਿੱਚ ਸਮੂਹ ਸਰਕਾਰੀ ਸਕੂਲਾਂ (ਸਮੇਤ ਜ਼ਿਲ੍ਹਾ ਪ੍ਰੀਸ਼ਦ ਅਧੀਨ ਆਉਂਦੇ ਸਕੂਲਾਂ) ਵਿੱਚ ਉੱਕਤ ਮਿਲਣੀ ਕਰਵਾਉਣ ਹਿੱਤ ਉਪਰਾਲੇ ਕਰਨ ਅਤੇ ਕੁੱਝ ਸਕੂਲਾਂ ਵਿੱਚ ਖੁਦ ਵੀ ਜਾ ਕੇ ਮਾਪੇ - ਅਧਿਆਪਕ ਮਿਲਣੀ ਅਤੇ ਸਕੂਲ ਪ੍ਰਬੰਧਕ ਕਮੇਟੀਆਂ ਦੀ ਮੀਟਿੰਗ ਦੀ ਸਰਪ੍ਰਸਤੀ ਕਰਨ।
3. ਸਮੂਹ ਏ.ਡੀ.ਸੀ. (ਵਿਕਾਸ),ਪੰਜਾਬ ਨੂੰ ਜਾਣਕਾਰੀ ਹਿੱਤ ਅਤੇ ਜਰੂਰੀ ਕਾਰਵਾਈ ਹਿੱਤ।

ਕੇ.ਐੱਸ.ਪੰਨੂੰ, ਆਈ.ਏ.ਐਸ.
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ